# 10
# ਯਿਸੂ: ਸਾਡੇ ਲਈ ਇਲਾਹੀ ਨਮੂਨਾ

ਸਰਵਉੱਚ ਪਿਤਾ ਦਾ ਇਕਲੌਤਾ ਪੁੱਤਰ ਇਸ ਧਰਤੀ 'ਤੇ ਬਹੁਤ ਸਾਰੇ ਕਾਰਣਾਂ ਕਰਕੇ ਕਿਰਪਾ ਕਰਨ ਲਈ ਆਇਆ। ਇਸਦਾ ਇਕ ਕਾਰਨ ਪਹਾੜੀ ਉਪਦੇਸ਼ ਦੇਣਾ ਅਤੇ ਬਹੁਤ ਸਾਰੀਆਂ ਹੋਰ ਖ਼ੁਦਾਈ ਸਿੱਖਿਆਵਾਂ ਦੇਣਾ ਸੀ। ਉਸਦੇ ਆਉਣ ਦਾ ਇਕ ਹੋਰ ਕਾਰਣ ਆਪਣਾ ਲਹੂ ਵਹਾਉਣਾ ਵੀ ਸੀ। ਇਕ ਹੋਰ ਕਾਰਣ ਮੌਤ ਉੱਤੇ ਫ਼ਤਹਿ ਪਾਉਣਾ ਸੀ। ਧਰਤੀ 'ਤੇ ਉਹ ਇਸ ਕਰਕੇ ਵੀ ਆਇਆ ਕਿ ਸਾਡੇ ਲਈ ਇਕ ਆਦਰਸ਼ ਬਣ ਸਕੇ। ਸੁਰਗ ਦੇ ਪਰਮੇਸ਼ੁਰ ਨੂੰ ਪਤਾ ਸੀ ਕਿ ਬੱਚੇ ਆਪਣੇ ਮਾਂ-ਬਾਪ ਦੀ ਨਕਲ ਕਰਨ ਦੀ ਕੋਸ਼ਿਸ ਕਰਦੇ ਹਨ। ਉਹਨੂੰ ਪਤਾ ਸੀ ਕਿ ਵੱਡਿਆਂ ਲਈ ਨਮੂਨਾ ਬਣਨਾ ਜ਼ਰੂਰੀ ਹੁੰਦਾ ਹੈ। ਸਾਡੇ ਵਿੱਚੋਂ ਕੋਈ ਵੀ ਉਸਦੀ ਪੈੜ 'ਤੇ ਨਹੀਂ ਚੱਲ ਸਕਦਾ, ਪਰ ਅਸੀਂ ਇਸ ਗੱਲ ਕਰਕੇ ਖੁਸ਼ ਹਾਂ ਕਿ ਸਾਡੇ ਅੱਗੇ ਇਕ ਸਿੱਧ ਨਮੂਨਾ ਹੈ।

## ਉਸਦਾ ਲੜਕਪਨ

ਯਿਸੂ ਮੁੰਡੇ ਕੁੜੀਆਂ ਲਈ ਇਕ ਆਦਰਸ਼ ਹੈ। ਪਵਿੱਤਰ ਆਤਮਾ ਨੇ ਮਸੀਹ ਦੇ ਲੜਕਪਨ ਬਾਰੇ ਕੁਝ ਦੱਸਿਆ ਹੈ। ਲੂਕਾ 2:51 ਕਹਿੰਦਾ ਹੈ ਕਿ ਉਹ ਆਪਣੇ ਮਾਂ-ਬਾਪ ਦੇ ''ਅਧੀਨ'' ਰਿਹਾ ਸੀ। ਕਿਸੇ ਬੱਚੇ ਲਈ ਆਪਣੇ ਮਾਤਾ ਪਿਤਾ ਦਾ ਆਗਿਆਕਾਰ ਹੋਣਾ ਸਿੱਖਣਾ ਜ਼ਿੰਦਗੀ ਦਾ ਬੁਨਿਆਦੀ ਅਸੂਲ ਹੈ, ਅਤੇ ਇਸੇ ਨੂੰ ਸਭ ਤੋਂ ਵੱਧ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।

ਫਿਰ ਇਕ ਬਾਲਕ ਦੇ ਰੂਪ ਵਿਚ, ਯਿਸੂ ਧਾਰਮਿਕ ਸੀ। ਉਸਨੇ ਕਿਹਾ ਕਿ ਉਹਦੇ ਲਈ ''[ਆਪਣੇ] ਪਿਤਾ ਦੇ ਘਰ ਵਿਚ ਹੋਣਾ ਜ਼ਰੂਰੀ'' ਸੀ (ਲੂਕਾ 2:49)। ਉਸਨੇ ''ਜੰਗਲੀ ਬੂਟੀ'' ਅਤੇ ਪਾਪ ਨਹੀਂ ਬੀਜਿਆ ਸੀ। ਮੁੰਡੇ ਕੁੜੀਆਂ ਆਪਣੇ ਬਚਪਨ ਵੇਲੇ ਬੇਦਾਗ਼ ਅਤੇ ਧਰਤੀ 'ਤੇ ਰਹਿਣ ਲਈ ਯਿਸੂ ਦਾ ਨਮੂਨਾ ਲੈ ਸਕਦੇ ਹਨ।

## ਉਸਦਾ ਸੰਸਾਰਿਕ ਕੰਮ

ਧਰਮ ਪੁਸਤਕ ਵਿਚ ਇਹ ਅਚਾਨਕ ਹੀ ਨਹੀਂ ਲਿਖਿਆ ਗਿਆ ਕਿ ਯਿਸੂ ਇਕ ਤਰਖਾਣ ਬਣ ਗਿਆ (ਮਰਕੁਸ 6:3)। ਉਸ ਨੇ ਤਰਖਾਣਾ ਕੰਮ ਨੂੰ ਕਦੇ ਆਪਣਾ ਪੇਸ਼ਾ ਨਹੀਂ ਬਣਾਉਣਾ ਚਾਹਿਆ ਸੀ, ਪਰ ਲਿਖਿਆ ਹੈ ਕਿ ਉਸਨੇ ਇਹ ਕੰਮ ਸਿੱਖਿਆ ਸੀ। ਯਕੀਨਨ ਹੀ ਇਹ ਕਈ ਥਾਂ ਲਿਖਿਆ ਗਿਆ ਹੈ ਕਿ ਅਸੀਂ ਕਿੱਤਾ ਅਤੇ ਕਾਰੋਬਾਰ ਸਿੱਖਣ ਦੀ ਚੰਗੀ ਭਾਵਨਾ ਪੈਦਾ ਕਰੀਏ। ਪੁਰਾਣੇ ਜ਼ਮਾਨੇ ਵਿਚ ਰੱਬੀ ਲੋਕ ਮਾਪਿਆਂ ਨੂੰ ਸਿਖਾਉਂਦੇ ਸਨ ਕਿ ਬੱਚੇ ਨੂੰ ਕੰਮ ਨਾ ਸਿਖਾਉਣਾ, ਉਸਨੂੰ ਚੋਰ ਬਣਾਉਣ ਦੇ ਬਰਾਬਰ ਹੈ।

## ਉਸਦਾ ਬਪਤਿਸਮਾ

ਯਿਸੂ ਇਸ ਗੱਲ ਵਿਚ ਵੀ ਸਾਡੇ ਲਈ ਨਮੂਨਾ ਹੈ ਕਿ ਉਹ ਬਪਤਿਸਮਾ ਲੈਣ ਲਈ

ਲਗਭਗ ਸੱਤਰ ਮੀਲ ਚੱਲ ਕੇ ਗਲੀਲ ਦੀ ਉਸ ਥਾਂ ਪੁੱਜਾ ਜਿੱਥੇ ਯੂਹੰਨਾ ਬਪਤਿਸਮਾ ਦਿੰਦਾ ਸੀ। ਬਪਤਿਸਮਾ ਲੈਣ ਲਈ ਤੁਸੀਂ ਐਨੇ ਮੀਲ ਚੱਲ ਕੇ ਜਾ ਸਕਦੇ ਹੋ? ਕਈ ਤਾਂ ਇਕ ਕਦਮ ਵੀ ਨਹੀਂ ਚੱਲਣਗੇ। ਕਈ ਬਪਤਿਸਮਾ ਲੈਣ ਤੋਂ ਨਾਂਹ ਕਰ ਦੇਣ ਨੂੰ ਪਹਿਲ ਦੇਣਗੇ। ਇਹ ਸਪੱਸ਼ਟ ਹੈ ਕਿ ਇਹ ਲੋਕ ਯਿਸੂ ਦੇ ਨਮੂਨੇ ਨੂੰ ਨਹੀਂ ਦੇਖਦੇ। ਉਸਦੇ ਨਮੂਨੇ ਵਿਚ ਖ਼ਾਸ ਤੌਰ ਤੇ ਇਸ ਲਈ ਵੀ ਜ਼ੋਰ ਦਿੱਤਾ ਗਿਆ ਹੈ ਕਿ ਉਸ ਨੇ ਕੋਈ ਪਾਪ ਨਹੀਂ ਕੀਤਾ ਸੀ ਜੋ ਮਿਟਾਇਆ ਜਾਵੇ। ਫਿਰ ਵੀ ਉਸਨੇ ਬਪਤਿਸਮਾ ਲੈਣ ਤੇ ਜ਼ੋਰ ਦਿੱਤਾ। ਉਹਨੂੰ ਪਤਾ ਸੀ ਕਿ ਉਸਦੇ ਪਿਤਾ ਨੇ ਲੋਕਾਂ ਨੂੰ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈਣ ਦਾ ਹੁਕਮ ਦਿੱਤਾ ਸੀ, ਅਤੇ ਭਾਵੇਂ ਉਸ ਨੇ ਪਾਪ ਨਹੀਂ ਕੀਤਾ ਸੀ, ਫਿਰ ਵੀ ਉਹ ਆਪਣੇ ਪਿਤਾ ਦੇ ਹੁਕਮ ਨੂੰ ਪੂਰਾ ਕਰਨਾ ਚਾਹੁੰਦਾ ਸੀ। ਉਸ ਨੇ ਆਪਣੇ ਪਿਤਾ ਦੇ ਹੁਕਮ ਨੂੰ ਪੂਰਾ ਕਰਨ ਲਈ ਪ੍ਰਚਾਰਕ (ਯੂਹੰਨਾ ਬਪਤਿਸਮਾ ਦੇਣ ਵਾਲੇ ) ਨਾਲ ਗੱਲ ਕੀਤੀ ਸੀ। ਉਸਨੇ ਪਹਿਲ ਕੀਤੀ। ਤੁਸੀਂ ਆਪਣੀ ਜ਼ਿੰਦਗੀ ਬਾਰੇ ਇਸ ਸਬੰਧ ਵਿਚ ਯਿਸੂ ਦਾ ਨਮੂਨਾ ਲੈ ਸਕਦੇ ਹੋ?

## ਅਜ਼ਮਾਇਸ਼ ਦਾ ਉਸਦਾ ਵਿਰੋਧ

ਸਾਡਾ ਪ੍ਰਭੂ ਅਜ਼ਮਾਇਸ਼ ਦਾ ਸਾਹਮਣਾ ਕਰਨ ਵਿਚ ਵੀ ਸਾਡੇ ਲਈ ਨਮੂਨਾ ਹੈ। ਮਨੁੱਖ ਹੋਣ ਕਰਕੇ, ਉਹਨੂੰ ਸਾਡੇ ਵਾਂਗ ਹੀ ਅਜ਼ਮਾਇਸ਼ ਦਾ ਸਾਹਮਣਾ ਕਰਨਾ ਪਿਆ ਸੀ। ਸ਼ੈਤਾਨ ਦਾ ਸਾਹਮਣਾ ਕਰਨ ਦਾ ਸਾਡਾ ਇਕ ਵਸੀਲਾ ਧਰਮ ਪੁਸਤਕ ਦਾ ਸਹਾਰਾ ਲੈਣਾ ਹੋ ਸਕਦਾ ਹੈ। ਯਿਸੂ ਪੁਰਾਣੇ ਨੇਮ ਦੀਆਂ ਲਿਖਤਾਂ ਨੂੰ ਜਾਣਦਾ ਸੀ ਅਤੇ ਉਨ੍ਹਾਂ ਨੂੰ ਪੇਸ਼ ਕਰ ਸਕਦਾ ਸੀ। ਖ਼ੁਦਾ ਦਾ ਵਚਨ ਤਿੱਖੀ ਤਲਵਾਰ ਹੈ, ਸ਼ੈਤਾਨ ਉਸਦੇ ਕੱਟਣ ਦੀ ਸ਼ਕਤੀ ਸਾਹਮਣੇ ਖਲੋ ਨਹੀਂ ਸਕਦਾ। ਇਸ ਕਰਕੇ ਜੇ ਮੈਂ ਅਤੇ ਤੁਸੀਂ ਆਪਣੀ ਜਾਨ ਨੂੰ ਖ਼ਤਰੇ ਵਿਚ ਨਹੀਂ ਪਾਉਣਾ ਚਾਹੁੰਦੇ ਤਾਂ ਸਾਨੂੰ ਸ਼ੈਤਾਨ ਤੋਂ ਮਿਲਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵੱਡੇ ਆਦਰਸ਼ ਦੇ ਮਗਰ ਲੱਗਣਾ ਚਾਹੀਦਾ ਹੈ। ਸਾਨੂੰ ਬਾਈਬਲ ਤੋਂ ਸਿੱਖ ਕੇ ਉਸਨੂੰ ਵਰਤਣਾ ਚਾਹੀਦਾ ਹੈ।

## ਗੁਆਚਿਆਂ ਲਈ ਉਸਦਾ ਪਿਆਰ

ਸਾਡੇ ਮਹਾਨ ਆਦਰਸ਼ ਵਿਚ ਪਾਪੀ ਲੋਕਾਂ ਨੂੰ ਸਿਖਾਉਣ ਦੀ ਲਗਨ ਇਕ ਹੋਰ ਖੂਬੀ ਹੈ। ਆਪਣੇ ਸਮੇਂ ਦੇ ਧਾਰਮਿਕ ਆਗੂਆਂ ਵਿਚ ਯਿਸੂ ਦੀ ਪ੍ਰਸਿੱਧੀ ਜਦ ਘੱਟ ਹੋ ਰਹੀ ਸੀ ਤਾਂ ਉਹ ਪਾਪੀਆਂ ਅਤੇ ਸਮਾਜ ਦੇ ਛੇਕੇ ਲੋਕਾਂ ਨਾਲ ਵਕਤ ਕੱਟਦਾ ਸੀ। ਇਕ ਮੌਕੇ ਉਹ ਭੁੱਖਾ ਸੀ, ਪਰ ਇਕ ਪਾਪੀ ਨਾਲ ਗੱਲਾਂ ਕਰਨ ਵਿਚ ਮਗਨ ਹੋ ਗਿਆ ਕਿ ਉਹਨੂੰ ਸਰੀਰਕ ਭੁੱਖ ਦਾ ਖਿਆਲ ਹੀ ਨਾ ਰਿਹਾ। ਜੇ ਤੁਸੀਂ ਦੂਜਿਆਂ ਨੂੰ ਇੰਜੀਲ ਦੱਸਣ ਵਿਚ ਘੱਟ ਦਿਲਚਸਪੀ ਲੈਂਦੇ ਹੋ ਤਾਂ ਤੁਸੀਂ ਆਪਣੇ ਆਗੂ ਨੂੰ ਨਜ਼ਰਅੰਦਾਜ਼ ਕਰ ਰਹੇ ਹੋ।

## ਆਪਣੇ ਦੁਸ਼ਮਣਾਂ ਲਈ ਉਸਦਾ ਪਿਆਰ

ਆਪਣੇ ਨਾਲ ਬਦਸਲੂਕੀ ਕਰਨ ਵਾਲਿਆਂ ਲਈ ਯਿਸੂ ਦੇ ਸਲੂਕ ਨਾਲ ਉਹਦੀ ਜ਼ਿੰਦਗੀ ਦਾ ਇਕ ਬਹੁਤ ਵੱਡਾ ਅਧਿਆਇ ਬਣ ਜਾਂਦਾ ਹੈ। ਅਸੀਂ ਤਾਂ ਉਨ੍ਹਾਂ ਨਾਲ ਹੀ ਭਲਾਈ ਕਰਾਂਗੇ ਜੋ ਸਾਡੇ ਨਾਲ ਭਲਾਈ ਕਰਦੇ ਹਨ, ਪਰ ਯਿਸੂ ਉਨ੍ਹਾਂ ਨੂੰ ਵੀ ਪਿਆਰ ਕਰਦਾ ਸੀ ਅਤੇ ਉਨ੍ਹਾਂ ਨਾਲ ਵੀ ਹਮਦਰਦੀ ਕਰਦਾ ਸੀ ਜਿਨ੍ਹਾਂ ਉਹਦੇ ਨਾਲ ਬਦਸਲੂਕੀ ਕੀਤੀ। ਉਹਨੇ ਕਿਹਾ, ''ਹੇ

ਪਿਤਾ ਇਨ੍ਹਾਂ ਨੂੰ ਮਾਫ ਕਰ ਕਿਉਂ ਜੋ ਇਹ ਨਹੀਂ ਜਾਣਦੇ ਕਿ ਕੀ ਕਰ ਰਹੇ ਹਨ'' (ਲੂਕਾ 23:34)। ਪਤਰਸ ਨੇ ਲਿਖਿਆ ਹੈ,

> ... ਮਸੀਹ ਵੀ ਇਕ ਨਮੂਨਾ ਤੁਹਾਡੇ ਲਈ ਛੱਡ ਗਿਆ ਕਿ ਤੁਸੀਂ ਓਹਦੀ ਪੈੜ ਤੇ ਤੁਰੋ। ਓਹਨੇ ਕੋਈ ਪਾਪ ਨਹੀਂ ਕੀਤਾ, ਨਾ ਉਸਦੇ ਮੂੰਹੋਂ ਗਾਲ ਨਿੱਕਲੀ (1 ਪਤਰਸ 2:21, 22)।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਇਨ੍ਹਾਂ ਸਭ ਗੱਲਾਂ ਬਾਰੇ ਯਿਸੂ ਦੀ ਪੈੜ ਤੇ ਚੱਲ ਸਕਣਗੇ, ਪਰ ਕੋਸ਼ਸ ਨਾ ਕਰਨਾ ਪਾਪ ਹੈ, ਅਤੇ ਵਕਤ ਗੁਜ਼ਰਨ ਨਾਲ ਅਸੀਂ ਹੋਰ ਵੀ ਬੇਹਤਰ ਕਰ ਸਕਾਂਗੇ।

## ਆਪਣੇ ਪਿਤਾ ਪ੍ਰਤੀ ਉਸਦੀ ਆਗਿਆਕਾਰਤਾ

ਆਪਣੇ ਸੰਸਾਰਕ ਮਾਪਿਆਂ ਦਾ ਹੁਕਮ ਮੰਨਦੇ ਅਤੇ ਆਪਣੇ ਸੁਰਗੀ ਪਿਤਾ ਦੇ ਹੁਕਮਾਂ ਨੂੰ ਪੂਰਾ ਕਰਨ ਲਈ ਯਿਸੂ ਦੇ ਅਨੁਭਵ ਨੇ ਗਤਸਮਨੀ ਦੇ ਬਾਗ਼ ਵਿਚ ਆਉਣ 'ਤੇ ਉਸਦੀ ਮਦਦ ਕੀਤੀ। ਉਸ ਪਸੰਦੀਦਾ ਥਾਂ ਅੱਧੀ ਕੁ ਰਾਤ ਨੂੰ ਪ੍ਰਭੂ ਨੇ ਧਰਤੀ 'ਤੇ ਡਿੱਗ ਕੇ ''ਉੱਚੀ ਅਵਾਜ ਵਿਚ ਪੁਕਾਰ ਕੇ ਅਤੇ ਹੰਝੂ ਵਹਾਉਂਦਿਆਂ ਉਸ ਤੋਂ ਜੋ ਉਸਨੂੰ ਮੌਤ ਤੋਂ ਬਚਾ ਸਕਦਾ ਸੀ, ਪ੍ਰਾਰਥਨਾ ਅਤੇ ਬੇਨਤੀ ਕੀਤੀ'' (ਇਬਰਾਨੀਆਂ 5:7)। ਉਹ ਮਰਨਾ ਨਹੀਂ ਚਾਹੁੰਦਾ ਸੀ। ਉਸ ਦੇ ਲਈ ਸਲੀਬ 'ਤੇ ਮਰਨਾ ਓਨਾ ਹੀ ਦੁੱਖਦਾਈ ਸੀ ਜਿੰਨਾ ਤੁਹਾਡੇ ਅਤੇ ਮੇਰੇ ਲਈ ਹੋ ਸਕਦਾ ਹੈ। ਉਸਦੇ ਲਈ ਜਿਸਮਾਨੀ ਇੱਛਾ ਹੋਣਾ ਜਰੂਰੀ ਸੀ। ਅਸੀਂ ਪੜ੍ਹਦੇ ਹਾਂ, ''ਜਿਹੜੇ ਉਹ ਨੇ ਦੁਖ ਭੋਗੇ ਉਨ੍ਹਾਂ ਤੋਂ ਆਗਿਆਕਾਰੀ ਸਿੱਖੀ। ਅਤੇ ਉਹ ਸਿੱਧ ਹੋ ਕੇ ਉਨ੍ਹਾਂ ਸਭਨਾਂ ਦੀ ਜਿਹੜੇ ਉਹ ਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਨ ਹੋਇਆ'' (ਇਬਰਾਨੀਆਂ 5:8, 9)।

ਜੇ ਅਸੀਂ ਉਸਦਾ ਇਨਕਾਰ ਨਹੀਂ ਕਰ ਸਕਦੇ ਜੋ ਅਸੀਂ ਚਾਹੁੰਦੇ ਹਾਂ ਅਤੇ ਬਿਨਾ ਕਿਸੇ ਲਾਲਚ ਦੇ ਦਿਲੋਂ ਤਿਆਰ ਨਹੀਂ ਹਾਂ, ਤਾਂ ਅਸੀਂ ਹੁਕਮ ਮੰਨਣਾ ਨਹੀਂ ਸਿੱਖਿਆ। ਯਿਸੂ ਜੋ ਪਰਮੇਸ਼ੁਰ ਦਾ ਪੁੱਤਰ ਹੋਣ ਕਰਕੇ ਜਿਸਮਾਨੀ ਤਸੀਹਿਆਂ ਤੋਂ ਛੁੱਟਣ ਦਾ ਦਾਅਵਾ ਨਹੀਂ ਕੀਤਾ ਸੀ, ਤਾਂ ਉਸਦੇ ਮੁਬਾਰਕ ਨਮੂਨੇ ਨੂੰ ਮੰਨਣ ਤੋਂ ਇਨਕਾਰ ਕਿਵੇਂ ਕਰ ਸਕਦੇ ਹਾਂ? (ਵੇਖੋ ਫ਼ਿਲਿੱਪੀਆਂ 2:5.)